# ਬਸੰਤ 2022 ਦੀ ਗਰਮੀ ਦੀ ਲਹਿਰ ਕਾਰਨ ਪੰਜਾਬ ਵਿੱਚ ਕਣਕ ਦਾ ਝਾੜ ਵਿੱਚ 25% ਘਟਿਆ

ਕੇਂਦਰੀ ਬਰਾਨੀ ਖੇਤੀ ਖੋਜ ਸੰਸਥਾ (ਸੀ ਆਰ ਆਈ ਡੀ ਏ), ਹੈਦਰਾਬਾਦ ਵੱਲੋਂ ਤਿਆਰ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਮਾਰਚ ਅਤੇ ਅਪ੍ਰੈਲ 2022 ਦੌਰਾਨ ਗਰਮੀ ਦੀ ਲਹਿਰ ਨੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਕਣਕ ਦਾ ਝਾੜ 25% ਤੱਕ ਘਟਾਇਆ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਇਸ ਨਾਲ ਇਕ ਹੋਰ ਪ੍ਰਮੁੱਖ ਉਤਪਾਦਕ ਹਰਿਆਣਾ ਵਿਚ ਕਣਕ ਦੇ ਝਾੜ ਵਿਚ 10-15% ਦਾ ਘਾਟਾ ਹੋਇਆ।

ਰਿਪੋਰਟ 'ਗਰਮੀ ਦੀ ਲਹਿਰ 2022 — ਕਾਰਨ, ਅਸਰ ਅਤੇ ਭਾਰਤੀ ਖੇਤੀ ਲਈ ਅੱਗੇ ਦਾ ਰਾਹ' ਵਿੱਚ ਦੱਸਿਆ ਗਿਆ ਹੈ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਕਈ ਜ਼ਿਲ੍ਹੇ ਮਾਰਚ 2022 ਵਿੱਚ ਮਹਿਸੂਸ ਕੀਤੀ ਗਈ ਅਸਧਾਰਨ ਗਰਮੀ ਦੀ ਲਹਿਰ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ।

ਸੀ ਆਰ ਆਈ ਡੀ ਏ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਆਪਣੀ 'ਹਾੜ੍ਹੀ ਦੀਆਂ ਫਸਲਾਂ ਲਈ ਮੁੱਲ ਨੀਤੀ: ਮੰਡੀਕਰਨ ਮੌਸਮ 2023-24' ਵਿੱਚ ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਕਿਹਾ ਹੈ ਕਿ 2022 ਵਿੱਚ ਭਾਰਤ ਵਿੱਚ ਮਾਰਚ ਦੇ ਦੌਰਾਨ ਬਹੁਤ ਜ਼ਿਆਦਾ ਤਾਪਮਾਨ ਦਰਜ ਕੀਤਾ ਗਿਆ ਸੀ ਜਿਸ ਕਾਰਨ ਗਰਮੀ ਦੀਆਂ ਲਹਿਰਾਂ ਛੇਤੀ ਫੈਲ ਗਈਆਂ। ਇਹ ਗਰਮੀ ਦੀਆਂ ਲਹਿਰਾਂ ਨੇ ਮਾਰਚ ਤੋਂ ਮਈ ਤੱਕ ਉੱਤਰੀ, ਮੱਧ ਅਤੇ ਪੂਰਬੀ ਭਾਰਤ ਦੇ ਕਈ ਰਾਜਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ।

ਮਾਰਚ ਅਤੇ ਅਪ੍ਰੈਲ ਦੇ ਦੌਰਾਨ ਬਹੁਤ ਵੱਧ ਤਾਪਮਾਨ ਖੁਸ਼ਕ ਹਵਾਵਾਂ, ਵੱਧ ਭਾਫ਼ ਸੰਚਾਰ ਅਤੇ ਨਮੀ ਦੇ ਤਣਾਅ ਦਾ ਕਾਰਨ ਬਣੇ ਜਿਨ੍ਹਾਂ ਨੇ ਹਾੜ੍ਹੀ ਦੀਆਂ ਫ਼ਸਲਾਂ, ਖ਼ਾਸ ਕਰਕੇ ਕਣਕ 'ਤੇ ਮਾੜਾ ਅਸਰ ਪਾਇਆ। ਇਸ ਤੋਂ ਇਲਾਵਾ, ਪਛੇਤੀ ਬੀਜੀ ਕਣਕ ਦੀ ਫ਼ਸਲ (ਲਗਭਗ 60-70 ਲੱਖ ਹੈਕਟੇਅਰ) ਉੱਤੇ ਮਾੜਾ ਅਸਰ ਪਿਆ ਸੀ, ਸੀ ਏ ਸੀ ਪੀ ਨੇ ਸੀ ਆਰ ਆਈ ਡੀ ਏ ਦੀ ਰਿਪੋਰਟ ਦੇ ਹਵਾਲੇ ਨਾਲ ਦੱਸਿਆ।

ਤਾਪਮਾਨ ਵਿੱਚ ਵਾਧੇ ਕਾਰਨ ਕਣਕ ਦੇ ਦਾਣੇ ਪੀਲੇ ਹੋਏ, ਸੁੰਗੜ ਗਏ ਅਤੇ ਛੇਤੀ ਪੱਕ ਗਏ ਜਿਸ ਨਾਲ ਪੰਜਾਬ ਵਿੱਚ 25% ਤੱਕ ਅਤੇ ਹਰਿਆਣਾ ਵਿੱਚ 10-15% ਤੱਕ ਝਾੜ ਘਟਿਆ। ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਵੀ ਤਾਪਮਾਨ ਵਧਣ ਕਰਕੇ ਕਣਕ ਦੇ ਝਾੜ ਵਿੱਚ ਕਮੀ ਆਈ।

ਛੋਲੇ, ਮੱਕੀ ਅਤੇ ਸਰ੍ਹੋਂ ਵਰਗੀਆਂ ਹੋਰ ਫ਼ਸਲਾਂ ਵੀ ਬਹੁਤ ਜ਼ਿਆਦਾ ਤਾਪਮਾਨ ਕਾਰਨ ਪ੍ਰਭਾਵਿਤ ਹੋਈਆਂ। ਸੀ ਏ ਸੀ ਪੀ ਨੇ 2023-24 ਲਈ ਆਪਣੀ ਹਾੜ੍ਹੀ ਮੁੱਲ ਨੀਤੀ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਅਤਿ ਤੀਬਰ ਮੌਸਮੀ ਘਟਨਾਵਾਂ ਦੇਖੀਆਂ ਜਾ ਰਹੀਆਂ ਹਨ ਜਿਹੜੀਆਂ ਟਿਕਾਊ ਖੇਤੀਬਾੜੀ ਵਿਕਾਸ ਨੂੰ ਹਾਸਿਲ ਕਰਨ ਲਈ ਇੱਕ ਮੁਸ਼ਕਿਲ ਚੁਣੌਤੀ ਪੇਸ਼ ਕਰਦੀਆਂ ਹਨ।